Punjabi / ਪੰਜਾਬੀ

NYC Taxi & Limousine Commission

## FITNESS RULES NOTICE /
## ਫਿੱਟਨੈੱਸ ਦੇ ਨਿਯਮਾਂ ਸੰਬੰਧੀ ਨੋਟਿਸ

---

**ਤੁਹਾਡੇ ਵੱਲੋਂ ਆਪਣੀ ਐਪਲੀਕੇਸ਼ਨ ਦੇਣ ਤੋਂ ਪਹਿਲਾਂ ਕਿਰਪਾ ਕਰਕੇ ਇਸਨੂੰ ਧਿਆਨ ਨਾਲ ਪੜ੍ਹੋ**

ਟੀ.ਐੱਲ.ਸੀ. (TLC) ਨੇ ਲਾਇਸੰਸ ਐਪਲੀਕੇਸ਼ਨ ਦੀ ਪ੍ਰਕਿਰਿਆ ਦੇ ਕੁਝ ਨਿਯਮ ਬਦਲੇ ਹਨ। ਨਿਯਮਾਂ ਵਿੱਚ ਬਿਨੈਕਾਰ ਦੇ ਟੀ.ਐੱਲ.ਸੀ. (TLC) ਅਤੇ ਡੀ.ਐੱਮ.ਵੀ. (DMV) ਦੇ ਇਤਿਹਾਸ ਦੇ ਅਧਾਰ 'ਤੇ ਇੱਕ **(1)** ਅਤੇ ਤਿੰਨ **(3)** ਸਾਲ ਦੀ ਐਪਲੀਕੇਸ਼ਨ ਦੀ ਪਾਬੰਦੀ ਸ਼ਾਮਲ ਹੈ।

**ਕਿਰਪਾ ਕਰਕੇ ਨੋਟ ਕਰੋ ਕਿ ਜੇਕਰ ਟੀ.ਐੱਲ.ਸੀ. (TLC) ਸਟਾਫ਼ ਜਾਂ ਤਾਂ ਇਹ ਨਿਰਧਾਰਤ ਨਹੀਂ ਕਰ ਪਾਉਂਦਾ ਹੈ ਜਾਂ ਅਜਿਹਾ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਕਿ ਐਪਲੀਕੇਸ਼ਨ ਨੂੰ ਜਮ੍ਹਾਂ ਕਰਨ ਵੇਲੇ ਅਸਵੀਕਾਰ ਕਰ ਦੇਣਾ ਚਾਹੀਦਾ ਹੈ, ਅਤੇ ਐਪਲੀਕੇਸ਼ਨ ਸਵੀਕਾਰ ਹੋ ਜਾਂਦੀ ਹੈ, ਤਾਂ ਲਾਇਸੰਸ ਐਪਲੀਕੇਸ਼ਨ ਦੀ ਫੀਸ ਵਾਪਸ ਨਹੀਂ ਕੀਤੀ ਜਾਵੇਗੀ।** ਜੇਕਰ ਬਿਨੈਕਾਰ ਦਾ ਟੀ.ਐੱਲ.ਸੀ. (TLC) ਜਾਂ ਡੀ.ਐੱਮ.ਵੀ. (DMV) ਇਤਿਹਾਸ, ਫਿੱਟਨੈੱਸ ਦੇ ਨਿਯਮਾਂ ਦੇ ਨੋਟਿਸ ਵਿੱਚ ਦਿੱਤੇ ਵੇਰਵਿਆਂ ਨਾਲ ਮੇਲ ਖਾਂਦਾ ਹੈ, ਤਾਂ ਬਿਨੈਕਾਰ ਨੂੰ ਇੱਕ ਐਪਲੀਕੇਸ਼ਨ ਜਮ੍ਹਾਂ **ਨਹੀਂ ਕਰਨੀ ਚਾਹੀਦੀ**।

### ਇੱਕ (1) ਸਾਲ ਦੀ ਪਾਬੰਦੀ - (ਜੇਕਰ ਪਿਛਲੇ ਸਾਲ ਦੌਰਾਨ ਹੋਵੇ)

* ਇੱਕ ਸਾਲ ਦੇ ਅੰਦਰ ਤਿੰਨ (3) ਤੋਂ ਵੱਧ ਟ੍ਰੈਫਿਕ ਹਾਦਸੇ। ਇੱਕ (1) ਸਾਲ ਦੀ ਪਾਬੰਦੀ, ਆਖਰੀ ਹਾਦਸੇ ਦੀ ਮਿਤੀ ਤੋਂ ਗਿਣੀ ਜਾਵੇਗੀ।
* ਇੱਕ ਮੋਟਰ ਵਾਹਨ ਦੇ ਬਿਨਾਂ-ਲਾਇਸੰਸ ਸੰਬੰਧੀ ਕਾਰਵਾਈ ਦਾ ਟ੍ਰੈਫਿਕ ਉਲੰਘਣ।
* ***ਪਹਿਲਾਂ ਦੀ ਐਪਲੀਕੇਸ਼ਨ ਨੂੰ ਅਸਵੀਕਾਰ ਕੀਤਾ ਗਿਆ।*** ਚੇਅਰਪਰਸਨ ਉਸ ਐਪਲੀਕੇਸ਼ਨ ਤੋਂ ਇਨਕਾਰ ਕਰੇਗਾ/ਕਰੇਗੀ, ਜੋ ਪਹਿਲਾਂ ਦੀ ਐਪਲੀਕੇਸ਼ਨ ਦੇਣ ਤੋਂ ਬਾਅਦ ਇੱਕ ਸਾਲ ਦੇ ਅੰਦਰ ਜਮ੍ਹਾਂ ਕੀਤੀ ਜਾਂਦੀ ਹੈ, ਜੇਕਰ ਪਿਛਲੀ ਐਪਲੀਕੇਸ਼ਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ, ਕਿਉਂਕਿ ਬਿਨੈਕਾਰ, ਲਾਇਸੰਸ ਰੱਖਣ ਦੇ ਯੋਗ ਨਹੀਂ ਪਾਇਆ ਗਿਆ ਸੀ ਪਹਿਲੀ ਐਪਲੀਕੇਸ਼ ਨੂੰ ਕਮਿਸ਼ਨ ਨੂੰ ਸੌਂਪੇ ਜਾਣ ਦੀ ਮਿਤੀ ਤੋਂ ਇੱਕ ਸਾਲ ਦੀ ਪਾਬੰਦੀ ਨੂੰ ਗਿਣਿਆ ਜਾਵੇਗਾ।
* ਨਸ਼ੀਲੇ ਪਦਾਰਥਾਂ ਦੀ ਗੈਰ-ਕਾਨੂੰਨੀ ਵਰਤੋਂ- ਟੀ.ਐੱਲ.ਸੀ. (TLC) ਦੁਆਰਾ ਲੋੜੀਂਦੇ ਡਰੱਗ ਟੈਸਟ ਦੇ ਇੱਕ ਪਾਜ਼ਿਟਿਵ ਨਤੀਜੇ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ ਅਤੇ ਜਿੱਥੇ ਡਰੱਗ ਟੈਸਟ ਦੇ ਨਤੀਜੇ ਨੂੰ ਅਣਚਾਹੇ ਜਾਂ ਅਸਫ਼ਲ ਢੰਗ ਨਾਲ ਚੁਣੌਤੀ ਦਿੱਤੀ ਗਈ ਸੀ। ਇੱਕ (1) ਸਾਲ ਦੀ ਪਾਬੰਦੀ ਅਸਫ਼ਲ ਹੋਏ ਡਰੱਗ ਟੈਸਟ ਦੀ ਮਿਤੀ ਤੋਂ ਸ਼ੁਰੂ ਹੋਵੇਗੀ।

### ਤਿੰਨ (3) ਸਾਲ ਦੀ ਪਾਬੰਦੀ - (ਜੇਕਰ ਪਿਛਲੇ ਤਿੰਨ ਸਾਲਾਂ ਦੌਰਾਨ ਹੋਵੇ)

* ਟੀ.ਐੱਲ.ਸੀ. (TLC) ਦੇ ਨਿਯਮਾਂ ਮੁਤਾਬਕ ਨਸ਼ੀਲੀ ਸ਼ਰਾਬ (ਭਾਵੇਂ **ਅਲਕੋਹਲ** ਦੀ ਮਾਤਰਾ ਕਿੰਨੀ ਹੀ ਹੋਵੇ) ਜਾਂ ਨਸ਼ੀਲੇ ਪਦਾਰਥ ਖਾ ਕੇ ਟੀ.ਐੱਲ.ਸੀ. (TLC) ਲਾਇਸੰਸਸ਼ੁਦਾ ਵਾਹਨ ਚਲਾਉਣ ਸੰਬੰਧੀ ਕਿਸੇ ਵੀ ਕੰਮ ਦੀ ਮਨਾਹੀ ਹੈ।
* ਟੀ.ਐੱਲ.ਸੀ. (TLC) ਦੇ ਨਿਯਮਾਂ ਮੁਤਾਬਕ, ਰਿਸ਼ਵਤਖੋਰੀ, ਧੋਖਾਧੜੀ, ਸਮੱਗਰੀ ਬਾਰੇ ਗਲਤ ਜਾਣਕਾਰੀ, ਚੋਰੀ, ਕਿਸੇ ਵਿਅਕਤੀ ਵਿਰੁੱਧ ਧਮਕੀ, ਪ੍ਰੇਸ਼ਾਨੀ, ਦੁਰਵਿਵਹਾਰ, ਜਾਂ ਸਰੀਰਕ ਤਾਕਤ ਦੀ ਵਰਤੋਂ ਜਿਹੇ ਕੰਮ ਕਰਨ ਦੀ ਮਨਾਹੀ ਹੈ।
* ਟੀ.ਐੱਲ.ਸੀ. (TLC) ਦੇ ਨਿਯਮਾਂ ਦੁਆਰਾ ਮਨਾਹੀ ਵਾਲੇ ਕੋਈ ਵੀ ਕੰਮ, ਜਿਸ ਵਿੱਚ ਟੀ.ਐੱਲ.ਸੀ. (TLC) ਦੁਆਰਾ ਲਾਇਸੰਸਸ਼ੁਦਾ ਵਾਹਨ ਵਿੱਚ ਇੱਕ ਹਥਿਆਰ ਰੱਖਣਾ ਸ਼ਾਮਲ ਹੈ।
* ***ਇੱਕ ਪੁਰਾਣੇ ਲਾਇਸੰਸ ਨੂੰ ਰੱਦ ਕਰਨਾ।*** *ਜੇਕਰ ਲਾਇਸੰਸ ਰੱਦ ਕਰਨ ਦੇ ਖਰਚੇ ਲੰਬਿਤ ਸਨ, ਤਾਂ ਕਿ ਪਹਿਲਾਂ ਵਾਲੇ ਲਾਇਸੰਸ ਦੀ ਮਿਆਦ ਸਮਾਪਤ ਹੋ ਗਈ ਸੀ ਜਾਂ ਚੇਅਰਪਰਸਨ ਨੂੰ ਸੌਂਪ ਦਿੱਤਾ ਗਿਆ ਸੀ।*
* ***ਸੌਂਪੇ ਜਾਣ ਵੇਲੇ ਲਾਇਸੰਸ ਰੱਦ ਕਰਨ ਦੇ ਖਰਚੇ ਲੰਬਿਤ ਸਨ।*** Critical Driver Program / ਮਹੱਤਵਪੂਰਨ ਡਰਾਈਵਰ ਪ੍ਰੋਗਰਾਮ ਅਤੇ Persistent Violator Program/ ਨਿਯਮਤ ਉਲੰਘਣਕਰਤਾ ਪ੍ਰੋਗਰਾਮ ਰੱਦ ਕਰਨ ਲਈ ਵਿਸ਼ੇਸ਼ ਵਿਚਾਰ। ਮਹੱਤਵਪੂਰਨ ਡਰਾਈਵਰ ਜਾਂ ਨਿਯਮਤ ਉਲੰਘਣਕਰਤਾ ਸੰਮਨ ਦੇ ਜਾਰੀ ਹੋਣ ਦੀ ਮਿਤੀ ਤੋਂ ਘੱਟੋ-ਘੱਟ ਇੱਕ (1) ਸਾਲ ਬਾਅਦ, ਇੱਕ ਬਿਨੈਕਾਰ ਚੇਅਰਪਰਸਨ ਤੋਂ ਤਿੰਨ ਸਾਲਾਂ ਦੀ ਪਾਬੰਦੀ ਮਾਫ਼ ਕਰਨ ਦੀ ਬੇਨਤੀ ਕਰ ਸਕਦਾ ਹੈ। ਇਹ ਬੇਨਤੀ ਸਿਰਫ਼ ਤਾਂ ਹੀ ਕੀਤੀ ਜਾ ਸਕਦੀ ਹੈ, ਜੇਕਰ ਬਿਨੈਕਾਰ ਦਾ ਡਰਾਈਵਿੰਗ ਰਿਕਾਰਡ ਮਾਫ਼ੀ ਦੀ ਬੇਨਤੀ ਕਰਨ ਦੀ ਮਿਤੀ ਤੋਂ ਪਹਿਲਾਂ ਦੇ ਤਿੰਨ ਸਾਲਾਂ ਦੇ ਅਰਸੇ ਦੌਰਾਨ ਹੋਈਆਂ ਉਲੰਘਣਾਵਾਂ ਲਈ ਤਿੰਨ ਤੋਂ ਵੱਧ ਅੰਕ ਨਹੀਂ ਦਰਸਾਉਂਦਾ।
* ***ਲਾਇਸੰਸ ਦੀ ਮਿਆਦ ਸਮਾਪਤ ਹੋਣ ਵੇਲੇ ਲਾਇਸੰਸ ਰੱਦ ਕਰਨ ਦੇ ਖਰਚੇ ਲੰਬਿਤ ਸਨ।*** ਜੇਕਰ ਲਾਇਸੰਸ ਰੱਦ ਕਰਨ ਦੇ ਖਰਚੇ ਲਾਇਸੰਸ ਦੀ ਮਿਆਦ ਤੋਂ ਪਹਿਲਾਂ ਲੰਬਿਤ ਰਹਿੰਦੇ ਸਨ, ਤਾਂ ਤਿੰਨ (3) ਸਾਲ ਦੀ ਪਾਬੰਦੀ ਲਾਇਸੰਸ ਦੀ ਮਿਆਦ ਸਮਾਪਤ ਹੋਣ ਦੀ ਮਿਤੀ ਤੋਂ ਸ਼ੁਰੂ ਹੋਵੇਗੀ। ਇੱਕ (3) ਸਾਲ ਦੀ ਪਾਬੰਦੀ ਅਸਫ਼ਲ ਹੋਏ ਡਰੱਗ ਟੈਸਟ ਦੀ ਮਿਤੀ ਤੋਂ ਸ਼ੁਰੂ ਹੋਵੇਗੀ।

### ਹੇਠ ਦਿੱਤੇ ਕਾਰਨਾਂ ਕਰਕੇ ਵੀ ਇੱਕ ਐਪਲੀਕੇਸ਼ਨ ਨੂੰ ਅਸਵੀਕਾਰ ਕੀਤਾ ਜਾ ਸਕਦਾ ਹੈ:

* ਐਪਲੀਕੇਸ਼ਨ ਵਿੱਚ ਗਲਤੀ ਜਾਂ ਛੋਟ। ਜੇ ਬਿਨੈਕਾਰ ਕੋਈ ਵੱਡੀ ਗਲਤੀ ਕਰਦਾ ਹੈ ਜਾਂ ਭੁੱਲ ਕਰਦਾ ਹੈ, ਜਾਂ ਬਿਨੈਕਾਰ ਐਪਲੀਕੇਸ਼ਨ ਵਿੱਚ ਕਿਸੇ ਵੱਡੀ ਤਬਦੀਲੀ ਬਾਰੇ ਚੇਅਰਪਰਸਨ ਨੂੰ ਸੂਚਿਤ ਕਰਨ ਵਿੱਚ ਅਸਫਲ ਰਹਿੰਦਾ ਹੈ।
* ਮਹੱਤਵਪੂਰਨ ਡਰਾਈਵਰ ਪ੍ਰੋਗਰਾਮ: ਜੇਕਰ ਤੁਸੀਂ ਆਪਣੇ ਹਾਲੀਆ ਡੀ.ਐੱਮ.ਵੀ. (DMV) ਪੁਆਇੰਟ ਦੀ ਸਜ਼ਾ ਤੋਂ 15 ਮਹੀਨੇ <u>ਪਹਿਲਾਂ</u> ਅਤੇ ਇਸ ਵਿੱਚ 6 ਜਾਂ ਇਸਤੋਂ ਵੱਧ ਅੰਕ ਇਕੱਠੇ ਕਰ ਚੁੱਕੇ ਹੋ, ਤਾਂ, ਜੇਕਰ ਤੁਸੀਂ ਲਾਇਸੰਸ ਪ੍ਰਾਪਤ ਕਰਦੇ ਹੈ, ਤਾਂ ਮਹੱਤਵਪੂਰਨ ਡਰਾਈਵਰ ਪ੍ਰੋਗਰਾਮ ਅਧੀਨ ਲਾਇਸੰਸ ਮੁਅੱਤਲ ਜਾਂ ਰੱਦ ਕਰਨ ਦੇ ਅਧੀਨ ਹੋ ਸਕਦੇ ਹੋ; ਇਸ ਲਈ, ਤੁਹਾਡੀ ਐਪਲੀਕੇਸ਼ਨ ਨੂੰ ਅਸਵੀਕਾਰ ਕਰ ਦਿੱਤਾ ਜਾਵੇਗਾ।
* ਅਪਰਾਧਕ ਦੋਸ਼ਾਂ ਦੀ ਅਨਿਸ਼ਚਿਤਤਾ। ਜੇਕਰ ਬਿਨੈਕਾਰ ਦੇ ਅਪਰਾਧਕ ਦੋਸ਼ ਲੰਬਿਤ ਹਨ, ਤਾਂ ਚੇਅਰਪਰਸਨ ਐਪਲੀਕੇਸ਼ਨ 'ਤੇ ਵਿਚਾਰ ਕਰਨ ਨੂੰ ਮੁਲਤਵੀ ਕਰੇਗਾ। ਜੇਕਰ ਐਪਲੀਕੇਸ਼ਨ ਦੇ ਜਮ੍ਹਾਂ ਕਰਨ ਦੇ 90 ਦਿਨਾਂ ਦੇ ਅੰਦਰ-ਅੰਦਰ ਦੋਸ਼ਾਂ ਦਾ ਹੱਲ ਨਹੀਂ ਕੀਤਾ ਜਾਂਦਾ ਹੈ, ਤਾਂ ਐਪਲੀਕੇਸ਼ਨ ਨੂੰ ਅਸਵੀਕਾਰ ਕਰ ਦਿੱਤਾ ਜਾਵੇਗਾ।